# 8
# ਸਲੀਬ ਦਿੱਤਾ ਜਾਣਾ

## ਮੱਤੀ 27:31-54; ਮਰਕੁਸ 15:20-39; ਲੂਕਾ 23:26-47; ਯੂਹੰਨਾ 19:17-30

*''ਪਰ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਸਾਡੀਆਂ ਬਦੀਆਂ ਦੇ ਕਾਰਣ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਪਈ ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ'' (ਯਸਾਯਾਹ 53:5)।*

ਅੰਗ੍ਰਜ਼ੀ ਭਾਸ਼ਾ ਵਿਚ ''ਸਲੀਬ'' ਲਈ ਦੋ ਸ਼ਬਦਾਂ ''the cross'' ਨਾਲੋਂ ਅਰਥ ਭਰਪੂਰ ਸ਼ਬਦ ਕੋਈ ਨਹੀਂ ਹੈ! ਸਾਨੂੰ ਕੰਬਦੇ ਦਿਲਾਂ ਨਾਲ ਸਲੀਬ ਦੇ ਅਧਿਐਨ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੋ ਇਸ ਦੇ ਰਾਹੀਂ ਬਚਾਏ ਗਏ ਹਨ ਉਨ੍ਹਾਂ ਲਈ ਇਹ ਜ਼ਿੰਦਗੀ ਭਰ ਦਾ ਅਧਿਐਨ ਹੋਣਾ ਚਾਹੀਦਾ ਹੈ।

*ਸਲੀਬ ਦਿੱਤਾ ਜਾਣਾ।* ਕਿੰਨਾ ਵਹਿਸ਼ੀਆਨਾ, ਜ਼ਾਲਿਮਾਨਾ, ਬੇਰਹਿਮੀ ਭਰਿਆ ਅਤੇ ਅਣਮਨੁੱਖੀ ਕੰਮ ਹੈ! ਇਹਦੀ ਈਜਾਦ ਫਾਰਸੀਆਂ ਨੇ ਕੀਤੀ ਸੀ ਅਤੇ ਬਾਅਦ ਵਿਚ ਰੋਮੀਆਂ ਨੇ ਇਹਦੀ ਪੂਰੀ ਵਰਤੋਂ ਕੀਤੀ।

ਸਮਾਂ ਆਇਆ ਜਦ ਲੋਕਾਂ ਨੂੰ ਸਲੀਬ ਚੜ੍ਹਾਉਣ ਲਈ ਰੋਮ ਬਦਨਾਮ ਹੋ ਗਿਆ। ਮੌਤ ਦੀ ਸਜ਼ਾ ਦਾ ਇਹ ਤਰੀਕਾ ਜ਼ਲਾਲਤ ਦਾ ਸਿਖਰ ਸੀ। ਰੋਮ ਵਿਚ ਰੋਮੀਆਂ ਨੂੰ ਸਲੀਬ ਨਹੀਂ ਦਿੱਤਾ ਜਾਂਦਾ ਸੀ। ਯਹੂਦੀ ਲੋਕ ਸਲੀਬ ਦਿੱਤੇ ਜਾਣ ਨੂੰ ਤੁੱਛ ਮੰਨਦੇ ਸਨ (ਵਿਵਸਥਾਸਾਰ 21:23; ਗਲਾਤੀਆਂ 3:13) ਭਾਵ ਉਹ ਕਦੀ ਇਹਨੂੰ ਅਮਲ ਵਿਚ ਨਹੀਂ ਲਿਆਉਂਦੇ ਸਨ। ਅੱਜ ਜਾਨਵਰਾਂ ਨਾਲ ਵੀ ਉਹ ਵਹਿਸ਼ੀਆਨਾ ਸਲੂਕ ਨਹੀਂ ਕੀਤਾ ਜਾਂਦਾ ਜੋ ਯਿਸੂ ਨਾਲ ਕੀਤਾ ਗਿਆ ਸੀ।

ਅਜੋਕੀ ਸੱਭਿਅਤਾ ਸਲੀਬ ਚੜ੍ਹਾਉਣ ਤੋਂ ਇਨਕਾਰ ਕਰਦੀ ਹੈ ਪਰ ਫਿਰ ਵੀ ਦੁਨੀਆ ਦੇ ਜ਼ਿਆਦਾਤਰ ਹਿੱਸੇ ਵਿਚ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਜਿੱਥੇ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ ਉੱਥੇ ਆਮ ਤੌਰ 'ਤੇ ਫਟਾਫਟ, ਦਰਦ ਰਹਿਤ ਅਤੇ ਜਿੰਨਾ ਹੋ ਸਕੇ ਮਨੁੱਖੀ ਤਰੀਕਾ ਵਰਤਿਆ ਜਾਂਦਾ ਹੈ।

*ਕੋੜੇ ਮਾਰਨਾ।* ਰੋਮੀਆਂ ਵੱਲੋਂ ਮੌਤ ਦੀ ਸਜ਼ਾ ਦਿੱਤੇ ਜਾਣ ਤੋਂ ਪਹਿਲਾਂ ਚਾਬੁਕ ਮਾਰਨਾ ਕਾਨੂੰਨੀ ਸੀ। ਯਿਸੂ ਨੇ ਨਬੂਵਤ ਕੀਤੀ ਸੀ ਕਿ ਆਪਣੇ ਦੁਖਾਂ ਦੇ ਸਬੰਧ ਵਿਚ ਉਹਨੂੰ ਕੋੜੇ ਮਾਰੇ ਜਾਣਗੇ (ਮੱਤੀ 20:17-19; ਮਰਕੁਸ 10:32-34; ਲੂਕਾ 18:31-34) ਅਤੇ ਉਹਨੂੰ ਮਾਰੇ

ਵੀ ਗਏ!

ਕੋੜੇ ਮਾਰਨਾ ਬੜਾ ਹੀ ਵਹਿਸ਼ੀਆਨਾ ਤਰੀਕਾ ਸੀ। ਇਹਦੇ ਨਾਲ ਵੱਡੀਆਂ-ਵੱਡੀਆਂ ਲਾਸਾਂ ਪੈ ਜਾਂਦੀਆਂ ਸਨ, ਡੂੰਘੇ ਜ਼ਖ਼ਮ ਹੋ ਜਾਂਦੇ ਸਨ ਅਤੇ ਜਿਸਮ ਸੁੱਜ ਜਾਂਦਾ ਸੀ। ਆਮਤੌਰ 'ਤੇ ਅੱਖਾਂ ਅਤੇ ਦੰਦਾਂ ਵਿਚ ਮਾਰਿਆ ਜਾਂਦਾ ਸੀ। ਕਈ ਤਾਂ ਐਨੇ ਨਾਲ ਹੀ ਮਰ ਜਾਂਦੇ ਸਨ। ਪਰ ਕੋੜੇ ਮਾਰਨਾ ਮੌਤ ਦੇਣ ਲਈ ਨਹੀਂ ਹੁੰਦਾ ਸੀ। ਕੋੜਾ ਸਜ਼ਾ ਦੇਣ ਲਈ ਹੁੰਦਾ ਸੀ ਅਤੇ ਕਿੱਲ ਮੌਤ ਦੇਣ ਲਈ। ਸਖ਼ਤ ਹੋ ਚੁਕੇ, ਤਜਰਬੇਕਾਰ ਰੋਮੀ ਸਿਪਾਹੀਆਂ ਨੂੰ ਪਤਾ ਹੁੰਦਾ ਸੀ ਕਿ ਕਦੋਂ ਰੁਕਣਾ ਹੈ। ਇਹ ਕੋਰੜੇ ਮਾਰਨਾ ਸਲੀਬ ਦਿੱਤੇ ਜਾਣ ਦੀ ਤਕਲੀਫ ਨੂੰ ਵਧਾ ਦਿੰਦਾ ਸੀ।

ਪਿਲਾਤੁਸ ਨੇ ਇਸ ਆਸ ਨਾਲ ਕਿ ਪੱਛੇ ਹੋਏ ਅਤੇ ਲਹੂ-ਲੁਹਾਨ ਯਿਸੂ ਨੂੰ ਵੇਖ ਕੇ ਭੀੜ ਦੇ ਮਨ ਵਿਚ ਉਹਦੇ ਪ੍ਰਤੀ ਹਮਦਰਦੀ ਜਾਗੇਗੀ, ਯਿਸੂ ਨੂੰ ਕੋੜੇ ਮਰਵਾਏ ਸਨ (ਮੱਤੀ 27:26; ਮਰਕੁਸ 15:15; ਯੂਹੰਨਾ 19:1)। ਉਹਨੇ ਕਿਹਾ, ''ਵੇਖੋ ਐਸ ਮਨੁੱਖ ਨੂੰ!'' (ਯੂਹੰਨਾ 19:5)। ਪਿਲਾਤੁਸ ਦੀ ਹੁਸ਼ਿਆਰੀ ਚੱਲੀ ਨਹੀਂ। ਨਾ ਤਾਂ ਯਿਸੂ ਨੂੰ ਅਤੇ ਨਾ ਪਿਲਾਤੁਸ ਨੂੰ ਕੋਈ ਹਮਦਰਦੀ ਮਿਲੀ।

*ਮੌਤ!* ਸਲੀਬ ਦਿੱਤੇ ਜਾਣ ਨਾਲ ਲੋਕਾਂ ਦੀ ਇਨਸਾਨੀਅਤ ਬੇਪਰਦਾ ਹੋ ਜਾਂਦੀ ਸੀ। ਬੁਨਿਆਦੀ ਤੌਰ 'ਤੇ ਸਲੀਬ ਚੜ੍ਹਾਉਣ ਦੀ ਵਰਤੋਂ ਆਦਮੀ ਨੂੰ ਤਿਲ-ਤਿਲ ਕਰਕੇ ਮਾਰਨ ਦੀ ਹੁੰਦੀ ਸੀ। ਲੋਕਾਂ ਵਿਚਕਾਰ ਆਦਮੀ ਨੂੰ ਨੰਗਾ (ਸਭ ਗੱਲਾਂ ਵਿਚ), ਲਾਚਾਰ ਅਤੇ ਗਾਲੀ ਗਲੋਚ ਲਈ ਖੁੱਲ੍ਹਾ ਛੱਡ ਦਿੱਤਾ ਜਾਂਦਾ ਸੀ। ਐਨੀ ਤਕਲੀਫ਼ ਦੇ ਬਾਵਜੂਦ ਲੋਕ ਕਈ-ਕਈ ਦਿਨ ਤਕ ਜ਼ਿੰਦਾ ਰਹਿ ਸਕਦੇ ਸਨ। ਕਈ ਦੋ-ਤਿੰਨ ਦਿਨਾ ਤਕ ਜ਼ਿੰਦਾ ਰਹਿ ਜਾਂਦੇ ਸਨ। ਕਿੰਨਾਂ ਹੌਲਨਾਕ ਨਜ਼ਾਰਾ ਹੈ! ਬਹੁਤ ਘੱਟ ਹੁੰਦਾ ਸੀ ਜਿਸ ਵਿਚ ਜ਼ਿਆਦਾ ਖ਼ੂਨ ਨਹੀਂ ਵਗਦਾ ਸੀ। ਕੋਈ ਪ੍ਰਮੁਖ ਅੰਗ ਪ੍ਰਭਾਵਿਤ ਨਹੀਂ ਹੁੰਦਾ ਸੀ। ਪਰ ਸਾਹ ਲੈਣਾ ਔਖਾ ਹੁੰਦਾ ਸੀ। ਸਾਹ ਅੰਦਰ ਖਿੱਚਣ ਨਾਲੋਂ ਬਾਹਰ ਕੱਢਣਾ ਔਖਾ ਹੁੰਦਾ ਸੀ। ਬੰਦੇ ਨੂੰ ਸਾਹ ਲੈਣ ਲਈ ਆਪਣੀਆਂ ਲੱਤਾਂ ਖਿੱਚਣੀਆਂ ਪੈਂਦੀਆਂ ਸਨ ਜਿਸ ਨਾਲ ਕਿੱਲਾਂ ਦੀ ਤਕਲੀਫ਼ ਵਧ ਜਾਂਦੀ ਸੀ। ਮੌਤ ਆਮ ਤੌਰ 'ਤੇ ਖ਼ੂਨ ਦੇ ਘੱਟ ਦੌਰੇ ਅਤੇ ਆਕਸੀਜਨ ਨਾ ਪਹੁੰਚਣ ਕਰਕੇ ਹੁੰਦੀ ਸੀ। ਲੱਤਾਂ ਤੋੜੇ ਜਾਣ 'ਤੇ, ਸਲੀਬ ਚੜ੍ਹਾਏ ਜਾਣ ਵਾਲੇ ਦੀ ਮੌਤ ਮਿੰਟਾਂ ਵਿਚ ਹੋ ਜਾਂਦੀ ਸੀ।

''ਤਸੀਹੇ ਭਰਿਆ'' ਲਈ ਅੰਗ੍ਰਜ਼ੀ ਸ਼ਬਦ ''excruciating" ਦਾ ਮੂਲ ਅਰਥ ਹੈ ''ਸਲੀਬ ਤੋਂ ਬਾਹਰ।'' ਸਲੀਬ 'ਤੇ ਹਿੱਲ-ਜੁਲ ਕਰਨ ਨਾਲ ਤਕਲੀਫ਼ ਵਧ ਜਾਂਦੀ ਸੀ। ਸਲੀਬ 'ਤੇ ਅਰਾਮਦਾਇਕ ਸਥਿਤੀ ਕੋਈ ਨਹੀਂ ਸੀ। ਦਰਦ ਬੇਇੰਤਿਹਾ ਹੁੰਦਾ ਸੀ। ਸਿਰ ਪੀੜ, ਗਲ਼ਾ ਸੁੱਕਣ ਵਾਲੀ ਪਿਆਸ, ਪੱਠਿਆਂ ਅਤੇ ਨਾੜਾਂ ਦੇ ਅਕੜੇਵੇਂ ਨਾਲ ਜਿਸਮ ਵਿਚ ਕਈ ਝਟਕੇ ਲਗਦੇ ਰਹਿੰਦੇ ਸਨ।

*ਜ਼ਖ਼ਮ!* ਕਿਸੇ ਨੂੰ ਪੰਜ ਤਰ੍ਹਾਂ ਨਾਲ ਜ਼ਖ਼ਮੀ ਕੀਤਾ ਜਾ ਸਕਦਾ ਹੈ। ਯਿਸੂ ਨੇ ਪੰਜੇ ਤਰ੍ਹਾਂ ਦੇ ਜ਼ਖ਼ਮ ਝੱਲੇ (1) ਗੁੱਝੇ ਜ਼ਖ਼ਮਾਂ ਵਿਚ ਮੁੱਕੇ ਅਤੇ ਖੁੰਢੇ ਹਥਿਆਰਾਂ ਦੀ ਮਾਰ ਹੁੰਦੀ ਸੀ (ਮੱਤੀ 26:67; ਮਰਕੁਸ 14:65; ਲੂਕਾ 22:63)। (2) ਪੱਛਿਆ ਜ਼ਖ਼ਮ ਕੋੜੇ ਕਰਕੇ ਹੋਇਆ ਸੀ। (3) ਡੂੰਘੇ ਜ਼ਖ਼ਮ ਰੋਮੀ ਸਿਪਾਹਿਆਂ ਵੱਲੋਂ ਉਹਦੇ ਸਿਰ 'ਤੇ ਠੋਕੇ ਗਏ ਕੰਢਿਆਂ ਦੇ ਤਾਜ ਦੀਆਂ ਸੂਲਾਂ ਕਰਕੇ ਹੋਏ ਸਨ (ਮੱਤੀ 27:29)। (4) ਵਿੰਨ੍ਹੇ ਜਾਣ ਦਾ ਜ਼ਖ਼ਮ ਉਦੋਂ ਹੋਇਆ ਜਦ ''... ਉਨ੍ਹਾਂ ਨੇ [ਉਹਦੇ] ਹੱਥ ਪੈਰ ਵਿੰਨ੍ਹ ਸੁੱਟੇ''(ਜ਼ਬੂਰ 22:16)। ਹੱਥ ਜਿਸਮ ਦਾ ਭਾਰ ਨਹੀਂ ਝੱਲ ਪਾ ਰਹੇ ਸਨ। ਕਿੱਲ ਵੀਣੀ ਵਿਚ ਖੁਭੇ ਸਨ, ਜੋ ਹੱਥਾਂ ਦਾ ਹਿੱਸਾ ਹੀ ਹੈ। (5) ਇਕ

ਸਿਪਾਹੀ ਵੱਲੋਂ ਯਿਸੂ ਦੀ ਪੱਸਲੀ ਵਿਚ ਭਾਲਾ ਮਾਰਨ ਨਾਲ ਚੀਰਾ ਦੇ ਕੇ ਕੀਤੇ ਜ਼ਖ਼ਮ ਤੋਂ ਪੱਕਾ ਹੋ ਗਿਆ ਕਿ ਯਿਸੂ ਮਰ ਚੁਕਾ ਸੀ (ਯੂਹੰਨਾ 19:34)।

ਰੋਮੀ ਸਿਪਾਹੀ ਇਹ ਪੱਕਾ ਹੋਏ ਬਿਨਾਂ ਕਿ ਸਲੀਬ ਤੇ ਚੜ੍ਹਿਆ ਆਦਮੀ ਮਰ ਗਿਆ ਹੈ, ਉਹਨੂੰ ਛੱਡ ਕੇ ਨਹੀਂ ਜਾਂਦੇ ਸਨ। ਬਾਈਬਲ ਸਾਫ਼ ਐਲਾਨ ਕਰਦੀ ਹੈ ਕਿ ਯਿਸੂ ਸਲੀਬ ਤੇ ਮਰਿਆ।

ਯਿਸੂ ਵੱਲੋਂ ਸਹੀ ਗਈ ਦਰਦ ਅਤੇ ਤਕਲੀਫ਼ 'ਤੇ ਬਹੁਤਾ ਜ਼ੋਰ ਨਹੀਂ ਦਿੱਤਾ ਗਿਆ ਹੈ। ਵਚਨ ਵਿਚ ਜਿੱਥੋਂ ਤਕ ਹੋ ਸਕੇ ਘਿਣਾਉਣੀਆਂ ਗੱਲਾਂ ਤੋਂ ਪਰਹੇਜ਼ ਕੀਤਾ ਗਿਆ ਹੈ। ਪਾਪੀ ਉਹਦੀ ਪੀੜ ਨਾਲ ਨਹੀਂ ਉਹਦੀ ਮੌਤ ਨਾਲ ਬਚਾਏ ਜਾਂਦੇ ਹਨ। ਸਲੀਬ ਖ਼ਾਮੋਸ਼ ਮੌਤ ਸੀ; ਇਸ ਉੱਤੇ ਚੜ੍ਹਨ ਵਾਲਿਆਂ ਵਿਚ ਚੀਕਣ ਲਈ ਤਾਕਤ ਜਾਂ ਦਮ ਨਹੀਂ ਹੁੰਦਾ ਸੀ। ਕੋੜੇ ਮਾਰੇ ਜਾਣ ਨੂੰ ''ਛੋਟੀ ਮੌਤ'' ਅਤੇ ਸਲੀਬ ਦਿੱਤੇ ਜਾਣ ਨੂੰ ''ਵੱਡੀ ਮੌਤ'' ਆਖਿਆ ਜਾਂਦਾ ਸੀ।

ਯਸਾਯਾਹ 53 ਅਧਿਆਇ ਦਾ ਧਿਆਨ ਨਾਲ ਅਧਿਐਨ ਕਰੋ। ਸਲੀਬ ਦੀ ਪੀੜ ਤੋਂ ਆਪਣੇ ਦਿਲ ਨੂੰ ਬੇਅਹਿਸਾਸੇ ਨਾ ਹੋਣ ਦਿਓ। ਇਹ ਖ਼ੌਫ਼ ਦੇ ਸਦਮੇ ਨੂੰ ਆਪਣੇ ਉੱਤੇ ਕਦੀ ਹਾਵੀ ਨਾ ਹੋਣ ਦਿਓ!

*ਸਲੀਬ ...*
*ਹੋਰ ਰਾਹ ਹੀ ਨਹੀਂ!*